**BRAMPTON** Service and Information Update

# ਬ੍ਰੈਂਪਟਨ ਟ੍ਰਾਂਜ਼ਿਟ ਨਵਾਂ PRESTO ਲੋਇਲਟੀ ਪ੍ਰੋਗਰਾਮ ਸ਼ੁਰੂ ਕਰ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ (3 ਜੁਲਾਈ, 2020) – ਸੋਮਵਾਰ, 6 ਜੁਲਾਈ ਨੂੰ, ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਇੱਕ ਲੋਇਲਟੀ ਪ੍ਰੋਗਰਾਮ ਸ਼ੁਰੂ ਕਰ ਰਿਹਾ ਹੈ, ਜਿਸ ਨਾਲ ਸਵਾਰੀਆਂ, ਆਪਣੇ PRESTO ਕਾਰਡ ਨਾਲ ਕਿਰਾਏ ਦਾ ਭੁਗਤਾਨ ਕਰਨ ਦੇ ਸਮੇਂ, ਮੁਫ਼ਤ ਯਾਤਰਾ ਲਈ ਅੰਕ (ਪੋਇੰਟ) ਕਮਾ ਸਕਣਗੀਆਂ।

ਜਦੋਂ ਸਵਾਰੀਆਂ ਆਪਣੇ PRESTO ਕਾਰਡ ਬੈਲੈਂਸ ਦੀ ਵਰਤੋਂ ਕਰਦੇ ਹੋਏ, ਸੋਮਵਾਰ ਤੋਂ ਐਤਵਾਰ ਤੱਕ ਦੀ ਇੱਕ-ਹਫ਼ਤੇ ਦੀ ਮਿਆਦ ਵਿੱਚ, ਬ੍ਰੈਂਪਟਨ ਟ੍ਰਾਂਜ਼ਿਟ ਤੇ 12 ਵਾਰ ਦੀ ਯਾਤਰਾ ਲਈ ਕਿਰਾਏ ਦਾ ਭੁਗਤਾਨ ਕਰਨਗੀਆਂ, ਤਾਂ ਉਸਤੋਂ ਬਾਅਦ ਕੀਤੀ ਜਾਣ ਵਾਲੀ ਹਰੇਕ ਯਾਤਰਾ, ਉਸੇ ਹਫ਼ਤੇ ਦੇ ਦੌਰਾਨ ਮੁਫ਼ਤ ਹੋਵੇਗੀ।

ਲੋਇਲਟੀ ਪ੍ਰੋਗਰਾਮ, ਬਿਨਾਂ ਸੰਪਰਕ ਦੇ ਭੁਗਤਾਨ ਕਰਨ ਲਈ ਉਤਸ਼ਾਹਿਤ ਕਰਦੇ ਹੋਏ, ਬ੍ਰੈਂਪਟਨ ਟ੍ਰਾਂਜ਼ਿਟ ਦੀਆਂ ਸਵਾਰੀਆਂ ਵਾਸਤੇ ਸਫ਼ਰ ਕਰਨ ਲਈ ਇੱਕ ਨਵਾਂ ਅਤੇ ਇਨਾਮ ਪ੍ਰਦਾਨ ਕਰਨ ਵਾਲਾ ਤਰੀਕਾ ਹੈ। ਸਾਰੀਆਂ ਸਵਾਰੀਆਂ ਮੁਫ਼ਤ ਯਾਤਰਾ ਲਈ ਅੰਕ ਕਮਾ ਸਕਦੀਆਂ ਹਨ, ਭਾਵੇਂ ਉਹਨਾਂ ਦੀ ਉਮਰ ਕਿੰਨੀ ਵੀ ਹੋਵੇ, ਕਿਉਂਕਿ ਇਹ ਪ੍ਰੋਗਰਾਮ ਸਾਰੀਆਂ ਕਿਰਾਇਆ ਸ਼੍ਰੇਣੀਆਂ ਤੇ ਲਾਗੂ ਹੁੰਦਾ ਹੈ। ਹੋਰ ਟ੍ਰਾਂਜ਼ਿਟ ਸੇਵਾ ਪ੍ਰਦਤਾਵਾਂ ਤੇ ਟ੍ਰਾਂਸਫਰ ਅਤੇ ਭੁਗਤਾਨ ਕੀਤੇ ਕਿਰਾਏ ਅਤੇ ਛੋਟ ਵਾਲੇ ਗੋ (GO) ਦੇ ਸਹਿ-ਕਿਰਾਇਆ ਭੁਗਤਾਨ, ਇਸ ਪ੍ਰੋਗਰਾਮ ਵਿੱਚ ਨਹੀਂ ਗਿਣੇ ਜਾਂਦੇ। ਹਫ਼ਤਾਵਾਰ ਪਾਸ ਅਜੇ ਵੀ ਉਪਲਬਧ ਹਨ।

ਜੋ ਸਵਾਰੀਆਂ ਆਪਣੀ ਯਾਤਰਾ ਲਈ ਅਜੇ ਵੀ ਨਕਦ ਭੁਗਤਾਨ ਦੀ ਵਰਤੋਂ ਕਰਦੀਆਂ ਹਨ, ਉਹਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਗਾਹਕ ਸੇਵਾ (Customer Service) ਕਾਉਂਟਰ ਤੋਂ PRESTO ਕਾਰਡ ਪ੍ਰਾਪਤ ਕਰਨ। ਸਿਰਫ਼ ਸੀਮਿਤ ਸਮੇਂ ਲਈ, PRESTO ਕਾਰਡ ਦੀ $6 ਦੀ ਫੀਸ ਤੋਂ ਛੋਟ ਦਿੱਤੀ ਜਾ ਰਹੀ ਹੈ – ਇੱਕ ਸਵਾਰੀ ਨੂੰ ਇੱਕ ਕਾਰਡ ਦਿੱਤਾ ਜਾਵੇਗਾ। ਟ੍ਰਿਨਿਟੀ ਕੌਮਨ ਟਰਮੀਨਲ (Trinity Common Terminal) ਦੀ ਬਿਲਡਿੰਗ ਨੂੰ ਛੱਡ ਕੇ, ਟ੍ਰਾਂਜ਼ਿਟ ਦੇ ਟਰਮੀਨਲਾਂ ਵਿਖੇ ਗਾਹਕ ਕਾਉਂਟਰ ਖੁੱਲ ਗਏ ਹਨ।

**ਕੋਵਿਡ-19 ਤੋਂ ਸੁਰੱਖਿਆ ਸਬੰਧੀ ਉਪਾਅ**

ਵੱਧ ਵਾਰ ਸਫਾਈ ਅਤੇ ਸੈਨੀਟਾਈਜ਼ ਕਰਨ ਦਾ ਸ਼ੈਡਿਊਲ ਪਹਿਲਾਂ ਵਾਂਗ ਹੀ ਪ੍ਰਭਾਵੀ ਰਹੇਗਾ। ਹਰ 48 ਘੰਟਿਆਂ ਵਿੱਚ ਸਾਰੀਆਂ ਠੋਸ ਸਤ੍ਹਾਵਾਂ, ਓਪਰੇਟਰ ਕੰਪਾਰਟਮੈਂਟਸ ਅਤੇ ਸੀਟਾਂ ਨੂੰ ਰੋਗਾਣੂ ਮੁਕਤ ਕਰਨਾ, ਬ੍ਰੈਂਪਟਨ ਟ੍ਰਾਂਜ਼ਿਟ ਦਾ ਟੀਚਾ ਹੈ। ਇਸ ਵੇਲੇ ਜ਼ਿਆਦਾਤਰ ਬੱਸਾਂ ਨੂੰ ਹਰੇਕ 24 ਘੰਟਿਆਂ ਵਿੱਚ ਸੈਨੀਟਾਈਜ਼ ਕੀਤਾ ਜਾ ਰਿਹਾ ਹੈ। ਜਿਹਨਾਂ ਫੈਸਿਲਿਟੀਜ ਅਤੇ ਟਰਮੀਨਲਾਂ ਦੀਆਂ ਠੋਸ ਸਤ੍ਹਾਵਾਂ ਹਨ, ਉਹਨਾਂ ਨੂੰ ਰੋਜ਼ਾਨਾ ਪੂੰਝਿਆ ਜਾ ਰਿਹਾ ਹੈ ਅਤੇ ਸੈਨੀਟਾਈਜ਼ ਕੀਤਾ ਜਾ ਰਿਹਾ ਹੈ।

ਸਿਟੀ, ਸਵਾਰੀਆਂ ਨੂੰ ਬੇਨਤੀ ਕਰਦੀ ਹੈ ਕਿ ਉਹ ਟਰਮੀਨਲਾਂ ਅਤੇ ਬਸ ਸਟੌਪਸ ਤੇ, ਮਾਸਕ ਪਹਿਨ ਕੇ ਵੀ, ਲਗਾਤਾਰ ਸਰੀਰਕ ਦੂਰੀ ਕਾਇਮ ਰੱਖਣ। ਸਵਾਰੀਆਂ ਨੂੰ ਇਹ ਵੀ ਯਾਦ ਕਰਾਇਆ ਜਾਂਦਾ ਹੈ ਕਿ ਉਹ ਹੈਂਡ ਸੈਨੀਟਾਈਜ਼ਰ ਜਾਂ ਵਾਈਪਸ ਜਿਹੇ, ਖੁਦ ਦੇ ਰੋਗਾਣੂ-ਨਾਸ਼ਕ ਪਦਾਰਥ ਆਪਣੇ ਨਾਲ ਰੱਖਣ ਅਤੇ ਵਾਰ-ਵਾਰ ਆਪਣੇ ਹੱਥ ਧੋਣ ਅਤੇ ਖੰਘਦੇ ਜਾਂ ਨਿੱਛਾਂ ਮਾਰਦੇ ਸਮੇਂ, ਮੂੰਹ ਨੂੰ ਆਪਣੀ ਕੂਹਣੀ ਨਾਲ ਢਕ ਲੈਣ। ਜੇਕਰ ਤੁਸੀਂ ਬੀਮਾਰ ਹੋ, ਤਾਂ ਕਿਰਪਾ ਕਰਕੇ ਟ੍ਰਾਂਜ਼ਿਟ ਤੇ ਸਫ਼ਰ ਕਰਨ ਤੋਂ ਪਰਹੇਜ਼ ਕਰੋ, ਆਪਣੀ ਨੇੜੇ ਦੀ ਕੋਵਿਡ-19 (COVID-19) ਅਸੈਸਮੈਂਟ ਸਾਈਟ ਵਿਖੇ ਟੈਸਟ ਕਰਵਾਓ ਅਤੇ ਪਬਲਿਕ ਹੈਲਥ ਦੇ ਨਿਰਦੇਸ਼ਾਂ ਦੀ ਪਾਲਣਾ ਕਰੋ।

ਪੀਲ ਪਬਲਿਕ ਹੈਲਥ (Peel Public Health) ਦੀ ਸਲਾਹ ਨਾਲ, ਸਵਾਰੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਬੱਸਾਂ ਅਤੇ ਟਰਮੀਨਲਾਂ ਤੇ ਗੈਰ-ਮੈਡੀਕਲ ਮਾਸਕ (ਕੱਪੜੇ ਦੇ ਬਣੇ ਸਧਾਰਨ ਮਾਸਕ) ਜ਼ਰੂਰੀ ਹਨ। ਸਿਟੀ ਆਫ ਬ੍ਰੈਂਪਟਨ, ਜੋਖਮਾਂ ਦਾ ਲਗਾਤਾਰ ਨਿਰੀਖਣ ਕਰਨ ਲਈ ਪੀਲ ਪਬਲਿਕ ਹੈਲਥ ਅਤੇ

ਬ੍ਰੈਂਪਟਨ ਐਮਰਜੈਂਸੀ ਮੈਨੇਜਮੈਂਟ ਆਫਿਸ (Brampton Emergency Management Office) ਵਿਖੇ ਆਪਣੇ ਭਾਈਵਾਲਾਂ ਦੇ ਨਾਲ ਮਿਲ ਕੇ ਕੰਮ ਕਰ ਰਹੀ ਹੈ। ਨਿਯਮਿਤ ਅੱਪਡੇਟਾਂ ਲਈ www.brampton.ca/covid19 ਤੇ ਜਾਓ ਅਤੇ ਸੇਵਾ ਅੱਪਡੇਟਾਂ ਲਈ bramptontransit.com ਤੇ ਜਾਓ ਜਾਂ Twitter ਤੇ @bramptontransit ਨੂੰ ਫਾੱਲੋ ਕਰੋ। ਸਵਾਲ ਸਿੱਧੇ ਬ੍ਰੈਂਪਟਨ ਟ੍ਰਾਂਜ਼ਿਟ ਦੇ ਸੰਪਰਕ ਕੇਂਦਰ (Contact Centre) ਵਿਖੇ 905.874.2999 ਤੇ ਪੁੱਛੇ ਜਾ ਸਕਦੇ ਹਨ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca